# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 25-06-2025**

- ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਸਮੇਤ ਹੋਰ ਪੁਲਾੜ ਯਾਤਰੀਆਂ ਨਾਲ AXIOM-4 ਮਿਸ਼ਨ ਅੱਜ ਅਮਰੀਕਾ ਦੇ ਫਲੋਰੀਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ ਲਾਂਚ ਕੀਤਾ ਗਿਆ।
- ਕੇਂਦਰੀ ਮੰਤਰੀ ਮੰਡਲ ਨੇ ਐਮਰਜੈਂਸੀ ਐਲਾਨੇ ਜਾਣ ਦੇ 50 ਸਾਲ ਪੂਰੇ ਹੋਣ ਅਤੇ ਪੁਲਾੜ ਮਿਸ਼ਨ AXIOM -4 ਦੇ ਸਫਲ ਲਾਂਚ 'ਤੇ ਵੀ ਇੱਕ ਮਤਾ ਪਾਸ ਕੀਤਾ ਏ।
- ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਸ੍ਰੀ ਬਿਕਰਮ ਸਿੰਘ ਮਜੀਠੀਆ ਨੂੰ

ਆਮਦਨ ਤੋਂ ਵੱਧ ਅਸਾਸਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਏ।

- ਮੌਸਮ ਵਿਭਾਗ ਨੇ ਭਲਕੇ ਲਈ ਸੂਬੇ 'ਚ ਕੁਝ ਥਾਵਾਂ 'ਤੇ ਮੀਂਹ ਦੇ ORANGE ALERT ਸਮੇਤ ਆਉਂਦੇ ਦਿਨਾਂ 'ਚ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਸੰਭਾਵਨਾ ਜਤਾਈ ਏ।
- ਹਾਕੀ ਇੰਡੀਆ ਮਾਸਟਰਜ਼ ਕੱਪ ਵਿਚ ਤਾਮਿਲਨਾਡੂ ਤੇ ਮਹਾਰਾਸ਼ਟਰਾ final 'ਚ ਪਹੁੰਚ ਗਏ ਨੇ।

--------------------------------------------------

ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ ਪੁਲਾੜ ਵਿੱਚ ਲੈ ਕੇ ਜਾਣ ਵਾਲਾ AXIOM-4 ਮਿਸ਼ਨ ਅੱਜ ਅਮਰੀਕਾ ਦੇ ਫਲੋਰੀਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ ਲਾਂਚ ਹੋ ਗਿਆ ਏ । ਚਾਲਕ ਦਲ, ਕੰਪਨੀ ਦੇ ਫਾਲਕਨ 9 ਰਾਕੇਟ 'ਤੇ ਇੱਕ ਨਵੇਂ ਸਪੇਸਐਕਸ ਡਰੈਗਨ ਪੁਲਾੜ ਵਾਹਨ'ਤੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) ਵਲ ਜਾ ਰਿਹਾ ਏ । ਇਸ ਮਿਸ਼ਨ ਦੀ ਅਗਵਾਈ ਅਮਰੀਕੀ

ਕਮਾਂਡਰ ਪੈਗੀ ਵਿਟਸਨ ਕਰ ਰਹੇ ਨੇ, ਜਿਸ ਵਿੱਚ ਭਾਰਤੀ ਹਵਾਈ ਫੌਜ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਮਿਸ਼ਨ ਪਾਇਲਟ ਵਜੋਂ ਅਤੇ ਹੰਗਰੀ ਦੇ ਪੁਲਾੜ ਯਾਤਰੀ ਟਿਬੋਰ ਕਾਪੂ ਅਤੇ ਪੋਲਿਸ਼ ਪੁਲਾੜ ਯਾਤਰੀ ਸਲਾਵੋ-ਸਜ਼ ਉਜ਼ਨਾਂ-ਸਕੀ-ਵਿਸਨੀ-ਵਸਕੀ ਮਿਸ਼ਨ ਮਾਹਰ ਵਜੋਂ ਸ਼ਾਮਿਲ ਨੇ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਇਸਰੋ ਨੇ ਕਿਹਾ ਏ ਕਿ ਐਕਸੀਓਮ-4 ਭਾਰਤੀ ਸਮੇਂ ਅਨੁਸਾਰ ਕੱਲ੍ਹ ਸ਼ਾਮ ਸਾਢੇ 4 ਵਜੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) ਨਾਲ ਜੁੜ ਜਾਵੇਗਾ। ਇਸ ਦੌਰਾਨ, ਗਰੁੱਪ ਕੈਪਟਨ ਸ਼ੁਕਲਾ ਨੇ ਪੁਲਾੜ ਤੋਂ ਇੱਕ ਸੁਨੇਹਾ ਭੇਜਿਆ ਏ ਤੇ ਕਿਹੈ ਕਿ "ਤਿਰੰਗੇ ਨੂੰ ਮਾਣ ਨਾਲ ਆਪਣੇ ਮੋਢੇ 'ਤੇ ਰੱਖ ਕੇ, ਮੈਂ ਸਾਰੇ ਭਾਰਤਵਾਸੀਆਂ ਦੀ ਮੌਜੂਦਗੀ ਨੂੰ ਆਪਣੇ ਨਾਲ ਮਹਿਸੂਸ ਕਰ ਰਿਹਾ ਹਾਂ –

**BYTE**

ਕੈਪਟਨ ਸ਼ੁਕਲਾ ਪੁਲਾੜ ਦੀ ਯਾਤਰਾ ਕਰਨ ਵਾਲੇ ਦੂਜੇ ਭਾਰਤੀ ਪੁਲਾੜ ਯਾਤਰੀ ਨੇ . ਚਾਰ ਦਹਾਕੇ ਪਹਿਲਾਂ ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਨੇ 1984 ਵਿਚ ਸੋਵੀਅਤ ਮਿਸ਼ਨ ਦੇ ਹਿੱਸੇ ਵਜੋਂ ਪੁਲਾੜ ਦੀ ਯਾਤਰਾ ਕੀਤੀ ਸੀ ।

---------------------------------------------------

ਇਸ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਏ ਕਿ ਗਰੁਪ ਕੈਪਟਨ ਸੁਭਾਂਸ਼ੁ ਸ਼ੁਕਲਾ ਨੇ ਪੁਲਾੜ 'ਚ ਭਾਰਤ ਲਈ ਇੱਕ ਨਵਾਂ ਮੀਲ ਪਥਰ ਕਾਇਮ ਕੀਤਾ ਏ. ਓਹਨਾਂ ਕਿਹਾ ਕਿ ਪੂਰੇ ਦੇਸ਼ ਨੂੰ ਓਹਨਾਂ ਦੀ ਇਸ ਪ੍ਰਾਪਤੀ 'ਤੇ ਉਤਸ਼ਾਹ 'ਤੇ ਮਾਣ ਏ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ AXIOM – 4 ਪੁਲਾੜ ਮਿਸ਼ਨ ਨੂੰ ਸਫਲਤਾ ਨਾਲ ਲਾਂਚ ਕੀਤੇ ਜਾਣ ਦਾ ਸੁਆਗਤ ਕੀਤਾ ਏ. ਇੱਕ ਸੋਸ਼ਲ ਮੀਡਿਆ ਪੋਸਟ ਵਿਚ ਸ਼੍ਰੀ ਮੋਦੀ ਨੇ ਕਿਹਾ ਕਿ ਗਰੁਪ ਕੈਪਟਨ ਸ਼ੁਕਲਾ ਆਪਣੇ ਨਾਲ 140 ਕਰੋੜ ਭਾਰਤੀਆਂ ਦੀਆਂ ਆਸਾਂ – ਉਮੀਦਾਂ ਲਈ ਕੇ ਗਏ ਨੇ। ਸ਼੍ਰੀ ਮੋਦੀ ਨੇ ਓਹਨਾਂ ਨੂੰ ਤੇ ਓਹਨਾਂ ਦੇ ਸਾਥੀ ਪੁਲਾੜ ਯਾਤਰੀਆਂ ਨੂੰ ਸਫਲਤਾ ਲਈ ਸ਼ੁਭ ਕਾਮਨਾਵਾਂ ਦਿੱਤੀਆਂ । ਸ਼ੁਭਾਂਸ਼ੁ ਸ਼ੁਕਲਾ ਦੀ ਪਤਨੀ,

ਸ਼੍ਰੀਮਤੀ ਕਾਮਨਾ ਨੇ ਕਿਹਾ ਏ ਕਿ ਸ਼ੁਭਾਂਸ਼ੂ ਸ਼ੁਕਲਾ ਦਾ ਇਸ ਮਿਸ਼ਨ 'ਚ ਸ਼ਾਮਿਲ ਹੋਣਾ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਏ.ਸਾਡੇ ਪਤਰਕਾਰ ਨੇ ਖਬਰ ਦਿੱਤੀ ਏ ਕਿ ਇਸ ਇਤਿਹਾਸਕ ਮੌਕੇ ਦਾ ਜਸ਼ਨ ਮਨਾਉਣ ਲਈ ਸ਼ੁਭਾਂਸ਼ੂ ਸ਼ੁਕਲਾ ਦੇ ਮਾਤਾ – ਪਿਤਾ ਨੇ ਲਖਨਉ 'ਚ ਸ਼ੁਭਾਂਸ਼ੂ ਦੇ ਸਕੂਲ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ LIVE LAUNCH ਦੇਖਿਆ।

-------------------------------------------------------

ਅੱਜ ਸੰਵਿਧਾਨ ਹੱਤਿਆ ਦਿਵਸ ਮਨਾਇਆ ਜਾ ਰਿਹਾ ਏ। ਇਹ ਦਿਨ 25 ਜੂਨ, 1975 ਨੂੰ ਭਾਰਤ ਦੇ ਸੰਵਿਧਾਨ ਨੂੰ ਕੁਚਲਣ ਦੀ ਯਾਦ ਦਿਵਾਉਂਦਾ ਏ। ਇਸ ਦਿਨ, ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਏ, ਜਿਨ੍ਹਾਂ ਨੂੰ ਐਮਰਜੈਂਸੀ ਦੀਆਂ ਵਧੀਕੀਆਂ ਦਾ ਸਾਹਮਣਾ ਕਰਨਾ ਪਿਆ। ਇਹ ਭਾਰਤੀ ਇਤਿਹਾਸ ਦਾ ਸਭ ਤੋਂ ਕਾਲਾ ਦੌਰ ਸੀ। ਇਹ ਦਿਨ ਉਨ੍ਹਾਂ ਸਾਰੇ ਲੋਕਾਂ ਦੇ ਯੋਗਦਾਨ ਨੂੰ ਵੀ ਯਾਦ ਕਰਦਾ ਏ, ਜਿਨ੍ਹਾਂ ਨੇ ਐਮਰਜੈਂਸੀ ਦੇ ਅਮਾਨਵੀ ਦਰਦ ਨੂੰ

ਸਹਿਣ ਕੀਤਾ ਏ। ਇਸ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਅੱਜ ਭਾਰਤ ਦੇ ਲੋਕਤੰਤਰੀ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਚੋਣ ਇੱਕ, ਐਮਰਜੰਸੀ ਲਾਗੂ ਹੋਣ ਦੇ 50 ਸਾਲ ਪੂਰੇ ਹੋ ਗਏ ਨੇ. ਇੱਕ ਸੋਸ਼ਲ ਮੀਡੀਆ ਪੋਸਟ 'ਚ ਸ੍ਰੀ ਮੋਦੀ ਨੇ ਕਿਹਾ ਕਿ ਇਸ ਦਿਨ, ਭਾਰਤੀ ਸੰਵਿਧਾਨ 'ਚ ਦਰਜ ਕਦਰਾਂ ਕੀਮਤਾਂ, ਬੁਨਿਆਦੀ ਅਧਿਕਾਰਾਂ ਅਤੇ ਪ੍ਰੈਸ ਦੀ ਆਜ਼ਾਦੀ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਕਈ ਸਿਆਸੀ ਨੇਤਾਵਾਂ, ਸਮਾਜਿਕ ਕਾਰਜਕਰਤਾਵਾਂ, ਵਿਦਿਆਰਥੀਆਂ ਅਤੇ ਆਮ ਨਾਗਰਿਕਾਂ ਨੂੰ ਜੇਲ੍ਹ 'ਚ ਪਾ ਦਿੱਤਾ ਗਿਆ ਸੀ ।

---------------------------------------------------------

ਸੰਵਿਧਾਨ ਹਤਿਆ ਦਿਵਸ' - ਨੂੰ ਮਨਾਉਣ ਲਈ ਦੇਸ਼ ਵਿਆਪੀ ਪ੍ਰੋਗ੍ਰਾਮ ਦੇ ਹਿੱਸੇ ਵਜੋਂ, ਅੱਜ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਪ੍ਰੋਗਰਾਮ ਕਰਾਇਆ ਗਿਆ।ਇਸ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ

ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਸ਼੍ਰੀ ਕਟਾਰੀਆ ਨੇ 25 ਜੂਨ 1975 ਤੋਂ 21 ਮਾਰਚ 1977 ਤੱਕ ਐਮਰਜੈਂਸੀ ਦੇ ਕਾਲੇ ਦੌਰ ਬਾਰੇ ਗੱਲ ਕੀਤੀ। ਉਨ੍ਹਾਂ ਨੇ ਲੋਕਤੰਤਰ ਦੀ ਰੱਖਿਆ ਵਿੱਚ ਜਨਤਕ ਜਾਗਰੂਕਤਾ, ਚੌਕਸੀ ਅਤੇ ਸੰਵਿਧਾਨਕ ਨੈਤਿਕਤਾ ਦੀ ਮਹੱਤਤਾ ਨੂੰ ਦੁਹਰਾਇਆ।

**BYTE -**

-------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ਐਮਰਜੈਂਸੀ ਐਲਾਨੇ ਜਾਣ ਦੇ 50 ਸਾਲ ਪੂਰੇ ਹੋਣ 'ਤੇ ਇੱਕ ਮਤਾ ਪਾਸ ਕੀਤਾ ਏ। ਇਸ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ ਕਿ ਸਰਕਾਰ ਐਮਰਜੈਂਸੀ ਦਾ ਦਲੇਰੀ ਨਾਲ ਵਿਰੋਧ ਕਰਨ ਵਾਲੇ ਅਣਗਿਣਤ ਵਿਅਕਤੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ

ਅਤੇ ਉਨ੍ਹਾਂ ਦਾ ਸਨਮਾਨ ਕਰਨ ਦਾ ਅਹਿਦ ਲੈਂਦੀ ਏ. ਇਸ ਮੌਕੇ 'ਤੇ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਵਜੋਂ ਦੋ ਮਿੰਟ ਦਾ ਮੌਨ ਰੱਖਿਆ ਗਿਆ ਜਿਨ੍ਹਾਂ ਦੇ ਸੰਵਿਧਾਨਕ ਲੋਕਤੰਤਰੀ ਅਧਿਕਾਰ ਖੋਹ ਲਏ ਗਏ ਸਨ। ਮੰਤਰੀ ਨੇ ਇਹ ਵੀ ਕਿਹਾ ਕਿ ਪੁਲਾੜ ਮਿਸ਼ਨ AXIOM -4 ਦੇ ਸਫਲ ਲਾਂਚ 'ਤੇ ਵੀ ਇੱਕ ਮਤਾ ਪਾਸ ਕੀਤਾ ਗਿਆ ਏ।

---------------------------------------------------

ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਸ੍ਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਦੁਪਹਿਰ ਬਾਅਦ ਉਨ੍ਹਾਂ ਦੇ ਅੰਮ੍ਰਿਤਸਰ ਵਿਚਲੀ ਰਿਹਾਇਸ਼ ਤੋਂ, ਆਮਦਨ ਤੋਂ ਵੱਧ ਅਸਾਸਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਏ ਅਤੇ ਉਨ੍ਹਾਂ ਨੂੰ ਮੋਹਾਲੀ ਸਥਿਤ ਬਿਊਰੋ ਦੇ ਮੁਖ ਦਫਤਰ ਲਿਜਾਂਦਾ ਗਿਆ ਏ। ਇੱਕ ਅਧਿਕਾਰਤ ਬਿਆਨ ਵਿੱਚ, ਵਿਜੀਲੈਂਸ ਬਿਊਰੋ ਨੇ ਕਿਹਾ ਏ ਕਿ ਦਸੰਬਰ, 2021 ਵਿੱਚ NDPS

ਕਾਨੂੰਨ, 1985 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (SIT) ਦੀ ਰਿਪੋਰਟ ਦੇ ਆਧਾਰ 'ਤੇ ਸ੍ਰੀ ਮਜੀਠੀਆ ਵਿਰੁੱਧ ਕੇਸ ਦਰਜ ਕੀਤਾ ਗਿਆ ਏ । ਰਿਪੋਰਟ ਵਿੱਚ, ਸ੍ਰੀ ਮਜੀਠੀਆ ਵਲੋਂ ਨਸ਼ੀਲੇ ਪਦਾਰਥਾਂ ਦੇ ਵੱਡੇ ਪੱਧਰ 'ਤੇ ਪੈਸੇ ਦੇ ਹਵਾਲਾ ਲੈਣ ਦੇਣ ਦੇ ਦੇ ਠੋਸ ਸਬੂਤ ਸਾਹਮਣੇ ਆਏ ਨੇ । ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਏ ਕਿ ਹੁਣ ਤੱਕ, 540 ਕਰੋੜ ਰੁਪਏ ਦੀ ਡ੍ਰਗ ਮਨੀ ਨੂੰ ਟਰੈਕ ਕੀਤਾ ਗਿਆ ਏ ਤੇ ਇਹ ਰਕਮਾਂ ਗੈਰ-ਕਾਨੂੰਨੀ ਤੌਰ 'ਤੇ ਅਤੇ ਸ੍ਰੀ ਮਜੀਠੀਆ ਦੇ ਵਿਧਾਇਕ ਹੋਣ ਅਤੇ ਸਾਬਕਾ ਪੰਜਾਬ ਸਰਕਾਰ ਵਿੱਚ ਕੈਬਨਿਟ ਅਹੁਦੇ 'ਤੇ ਰਹਿੰਦਿਆਂ, ਰਸੂਖ ਦੀ ਵਰਤੋਂ ਕਰਦਿਆਂ ਜੁਟਾਈਆਂ ਗਈਆਂ ਸਨ. ਇਸ ਤੋਂ ਪਹਿਲਾਂ, ਵਿਜੀਲੈਂਸ ਬਿਊਰੋ ਨੇ ਅੰਮ੍ਰਿਤਸਰ ਵਿੱਚ ਸ੍ਰੀ ਮਜੀਠੀਆ ਦੇ ਘਰ ਸਮੇਤ 3 ਥਾਵਾਂ 'ਤੇ ਤਲਾਸ਼ੀ ਲਈ ਸੀ ਜਿਸ ਵਿੱਚੋਂ 30 ਤੋਂ ਵੱਧ ਮੋਬਾਈਲ ਫੋਨ, 5 ਲੈਪਟਾਪ, 3 ਆਈਪੈਡ, 2

ਡੈਸਕਟਾਪ, ਕਈ ਡਾਇਰੀਆਂ, ਤੇ ਕਈ ਜਾਇਦਾਦ ਦਸਤਾਵੇਜ਼ ਜ਼ਬਤ ਹੋਏ ਨੇ । ਜਾਂਚ ਜਾਰੀ ਏ ਅਤੇ ਹੋਰ ਗ੍ਰਿਫ਼ਤਾਰੀਆਂ, ਤਲਾਸ਼ੀਆਂ ਅਤੇ ਜ਼ਬਤੀਆਂ ਕੀਤੀਆਂ ਜਾਣਗੀਆਂ।

---------------------------------------------------

ਰੂਪਨਗਰ ਪੁਲਿਸ ਨੇ ਸਿਹਤ ਮੰਤਰੀ ਦੇ ਪਰਿਵਾਰਕ ਮੈਂਬਰ ਦੱਸ ਕੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਦਾ ਝਾਂਸਾ ਦੇਣ ਵਾਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੇ ਥਾਣਾ ਨੂਰਪੁਰ ਬੇਦੀ ਦੇ ਇਲਾਕੇ ਵਿੱਚ ਕੁੱਝ ਅਣ-ਪਛਾਤੇ ਵਿਅਕਤੀਆ ਵੱਲੋਂ ਸਿਹਤ ਮੰਤਰੀ, ਪੰਜਾਬ ਦੇ ਪਰਿਵਾਰਕ ਮੈਂਬਰ ਦੱਸ ਕੇ ਲੋਕਾਂ ਨੂੰ ਸਰਕਾਰੀ ਨੌਕਰੀਆਂ ‘ਤੇ ਲਗਵਾਉਣ ਦਾ ਕਹਿ ਕੇ ਪੈਸਿਆ ਦੀ ਮੰਗ ਕਰਨ ਸਬੰਧੀ ਸੂਚਨਾ ਮਿਲੀ ਸੀ। ਮੁੱਢਲੀ ਪੜਤਾਲ ਤੋਂ ਖੁਲਾਸਾ ਹੋਇਆ ਕਿ ਦੋਨਾਂ ਵਲੋਂ ਲੋਕਾਂ ਨੂੰ ਆਪਣੀ ਗਲਤ

ਪਹਿਚਾਣ ਦੱਸ ਕੇ ਫੋਨ ਕੀਤੇ ਜਾਂਦੇ ਸਨ. ਗਿਰਫਤਾਰ ਕੀਤੇ ਗਏ ਵਿਅਕਤੀਆਂ ਤੋਂ ਇਸ ਸੰਬੰਧੀ ਹੋਰ ਵੀ ਪੁੱਛ-ਪੜਤਾਲ ਕੀਤੀ ਜਾ ਰਹੀ ਏ ।

---------------------------------------------------------

ਭਾਰਤੀ ਮੌਸਮ ਵਿਭਾਗ (IMD) ਨੇ ਅੱਜ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ ਵਿੱਚ ਭਾਰੀ ਤੋਂ ਬੇਹਦ ਭਾਰੀ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਏ । ਕਲ੍ਹ ਤੋਂ ਮੌਸਮ ਬਦਲਣ ਨਾਲ ਪੰਜਾਬ ‘ਚ ਤਾਪਮਾਨ ‘ਚ ਗਿਰਾਵਟ ਆਈ ਏ ਤੇ ਮੌਸਮ ਸੁਹਾਵਨਾ ਬਣਿਆ ਹੋਇਆ ਏ। ਜਲੰਧਰ ‘ਚ ਹਲਕੀ ਬੂੰਦਾਬਾਂਦੀ ਰਹੀ, ਗੁਰਦਾਸਪੁਰ ‘ਚ ਸਵੇਰ ਤੋਂ ਹੀ ਮੀਂਹ ਪੈ ਰਿਹਾ ਏ. ਪਠਾਨਕੋਟ ‘ਚ ਬੱਦਲਵਾਈ ਬਣੀ ਹੋਈ ਏ ਤੇ ਹੁਸ਼ਿਆਰ ‘ਚ ਵੀ ਬੂੰਦਾਬਾਂਦੀ ਰਹੀ ਏ। ਮੌਸਮ ਵਿਭਾਗ ਨੇ ਕਲ੍ਹ 26 ਜੂਨ ਅਤੇ 29 ਤੇ 30 ਜੂਨ ਨੂੰ ਬਹੁਤ ਸਾਰੀਆਂ ਥਾਵਾਂ ‘ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ

ਪੇਸ਼ੀਨਗੋਈ ਕੀਤੀ ਏ. ਕਲ੍ਹ ਕੁਝ ਥਾਵਾਂ ‘ਤੇ ਭਾਰੀ ਤੋਂ ਬੇਹਦ ਭਾਰੀ ਬਾਰਿਸ਼ ਅਤੇ ਝਖੜ ਆਉਣ ਦਾ ORANGE ALERT ਏ ।

-----------------------------------------------

ਹਾਕੀ ਇੰਡੀਆ ਮਾਸਟਰਜ਼ ਕੱਪ ਦੇ ਪਹਿਲੇ ਅਤੇ ਦੂਜੇ ਸੈਮੀਫਾਈਨਲ ਮੈਚ ਅੱਜ ਚੇਨਈ ਵਿੱਚ ਖੇਡੇ ਗਏ ਪਹਿਲੇ ਮੈਚ ਵਿੱਚ ਤਾਮਿਲਨਾਡੂ ਨੇ ਚੰਡੀਗੜ੍ਹ ਨੂੰ 3-0 ਨਾਲ ਜਦਕਿ ਦੂਜੇ ਸੈਮੀਫਾਈਨਲ ਮੈਚ ਵਿੱਚ ਮਹਾਰਾਸ਼ਟਰ ਨੇ ਓਡੀਸ਼ਾ ਨਾਲ 4 – 1 ਦੇ ਫਰਕ ਨਾਲ ਹਰਾਇਆ । ਹੁਣ final ਵਿਚ ਤਮਿਲਨਾਡੂ ਦਾ ਮੁਕਾਬਲਾ ਮਹਾਰਾਸ਼ਟਰਾ ਨਾਲ ਹੋਏਗਾ।

-----------------------------------------------

- ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਸਮੇਤ ਹੋਰ ਪੁਲਾੜ ਯਾਤਰੀਆਂ ਨਾਲ AXIOM-4 ਮਿਸ਼ਨ ਅੱਜ ਅਮਰੀਕਾ ਦੇ ਫਲੋਰੀਡਾ ਸਥਿਤ ਕੈਨੇਡੀ ਸਪੇਸ ਸੈਂਟਰ ਤੋਂ ਲਾਂਚ ਕੀਤਾ ਗਿਆ।

- ਕੇਂਦਰੀ ਮੰਤਰੀ ਮੰਡਲ ਨੇ ਐਮਰਜੈਂਸੀ ਐਲਾਨੇ ਜਾਣ ਦੇ 50 ਸਾਲ ਪੂਰੇ ਹੋਣ ਅਤੇ ਪੁਲਾੜ ਮਿਸ਼ਨ AXIOM -4 ਦੇ ਸਫਲ ਲਾਂਚ 'ਤੇ ਵੀ ਇੱਕ ਮਤਾ ਪਾਸ ਕੀਤਾ ਏ ।
- ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਸ੍ਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਅਸਾਸਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਏ।
- ਮੌਸਮ ਵਿਭਾਗ ਨੇ ਭਲਕੇ ਲਈ ਸੂਬੇ ‘ਚ ਕੁਝ ਥਾਵਾਂ ‘ਤੇ ਮੀਂਹ ਦੇ ORANGE ALERT ਸਮੇਤ ਆਉਂਦੇ ਦਿਨਾਂ ‘ਚ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਸੰਭਾਵਨਾ ਜਤਾਈ ਏ।
- ਹਾਕੀ ਇੰਡੀਆ ਮਾਸਟਰਜ਼ ਕੱਪ ਵਿਚ ਤਾਮਿਲਨਾਡੂ ਤੇ ਮਹਾਰਾਸ਼ਟਰਾ final ‘ਚ ਪਹੁੰਚ ਗਏ ਨੇ।